بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.11.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅੱਜ ਜਮਾਤ ਦੇ ਰੂਪ ਵਿੱਚ ਜਮਾਤ ਅਹਮਦੀਆ ਹੀ ਹੈ ਜਿਸ'ਤੇ ਕਦੇ ਸੂਰਜ ਨਹੀਂ ਡੁਬੱਦਾ । ਕਿੱਥੇ ਤਾਂ ਅਹਰਾਰੀ ਅਮਹਦੀਅਤ ਦੀ ਅਵਾਜ਼ ਨੂੰ ਕਾਦੀਆਂ ਵਿੱਚੋਂ ਹੀ ਖ਼ਤਮ ਕਰਨ ਦੀ ਗੱਲ ਕਰਦੇ ਸਨ ਅਤੇ ਕਿੱਥੇ ਅੱਜ ਦੁਨੀਆ ਦੇ ਇਕ ਪਛੱਮੀ ਨੁਕੱਰ ਵਿੱਚੋਂ ਸਾਰੀ ਦੁਨੀਆ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪੈਗ਼ਾਮ ਨੂੰ ਆਪ ਦਾ ਇਕ ਗ਼ੁਲਾਮ ਅਤੇ ਤੁੱਛ ਜਿਹਾ ਸੇਵਕ ਪਹੁੰਚਾ ਰਿਹਾ ਹੈ । ਅਲੱਾਹ ਤਆਲਾ ਇਹਨਾ ਸਾਰਿਆਂ ਸ਼ਾਮਲ ਹੋਣ ਵਾਲਿਆਂ ਦੇ ਧੰਨ ਤੇ ਵਿਅਕਤੀਆਂ ਵਿੱਚ ਅਤਿਅੰਤ ਬਰਕਤ ਪ੍ਰਦਾਨ ਕਰੇ ਅਤੇ ਇਹਨਾਂ ਦੀ ਕੁਰਬਾਨੀਆ ਨੂੰ ਕੁਬੂਲ ਕਰੇ ਅਤੇ ਭਵਿੱਖ ਵਿੱਚ ਵੀ ਵੱਧ ਚੜ੍ਹ ਕੇ ਕੁਰਬਾਨੀ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਹਮੇਸ਼ਾ ਖ਼ਿਲਾਫ਼ਤ ਨਾਲ ਪਕੱਾ ਸੰਬੰਧ ਕਾਇਮ ਕਰਦਾ ਰਹੇ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਨਵੰਬਰ 2016 ਈ. ਨੂੰ ਕੈਨੇਡਾ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਮੌਕੇ ਆਰਥਕ ਕੁਰਬਾਨੀਆਂ ਉਪੱਰ ਚਾਨ੍ਹਣਾ ਪਾਉਂਦਿਆ ਹੋਇਆਂ ਫ਼ਰਮਾਇਆ ਕਿ ਦੁਨੀਆ ਵਿੱਚ ਮਨੁੱਖ ਧੰਨ ਮਾਲ ਨਾਲ ਬਹੁਤ ਪਿਆਰ ਕਰਦਾ ਹੈ । ਇਸੇ ਕਰਕੇ 'ਇਲਮੇ ਤਾਬੀਰੁਰ ਰੋਯਾ' (ਸਵਪਨ ਫ਼ਲ) ਵਿੱਚ ਲਿੱਖਿਆ ਹੈ ਕਿ ਜਕੇਰ ਕੋਈ ਵਿਅਕਤੀ ਦੇਖੇ ਕਿ ਉਸ ਨੇ ਜਿਗਰ ਕੱਢਕੇ ਕਿਸੇ ਨੂੰ ਦਿੱਤਾ ਹੈ ਤਾਂ ਉਸ ਤੋਂ ਭਾਵ ਧੰਨ ਹੈ । ਇਹੋ ਕਾਰਣ ਹੈ ਕਿ ਵਾਸਤਵਿਕ ਸੰਜਮਤਾ ਤੇ ਈਮਾਨ ਦੀ ਪ੍ਰਾਪਤੀ ਲਈ ਫ਼ਰਮਾਇਆ ( لَنۡ تَنَالُوا الۡبِرَّ حَتّٰی تُنۡفِقُوۡا مِمَّا تُحِبُّوۡنَ) ਲਨਤਨਾਲੁਲ ਬਿਰੱਾ ਹਤੱਾ ਤੁਨਫ਼ਿਕੂ ਮਿਮੱਾ ਤੁਹਿਬੂੱਨ' ਵਾਸਤਵਿਕ ਨੇਕੀ ਨੂੰ ਉਕੱਾ ਹੀ ਨਹੀਂ ਪਾਓਗੇ ਜੱਦ ਤੱਕ ਤੁਸੀਂ ਸਭ ਤੋਂ ਪਿਆਰੀ ਚੀਜ਼ ਨੂੰ ਖ਼ਰਚ ਨਹੀਂ ਕਰੋਗੇ ਕਿਉਂਕਿ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਅਤੇ ਚੰਗੇ ਵਰਤਾਉ ਦਾ ਇਕ ਵਡੱਾ ਭਾਗ ਧੰਨ ਖ਼ਰਚ ਕਰਨਾ ਹੈ, ਜਿਸ ਤੋਂ ਬਿਨਾ ਈਮਾਨ ਕਾਮਲ ਤੇ ਸੁਮਾਰਗੀ ਨਹੀਂ ਹੁੰਦਾ । ਫ਼ਰਮਾਇਆ ਜੱਦ ਤੱਕ ਮਨੁੱਖ ਪ੍ਰੇਮ ਨ ਕਰੇ ਦੂਜਿਆਂ ਨੂੰ ਕਿਵੇਂ ਲਾਭ ਪਹੁੰਚਾ ਸਕਦਾ ਹੈ । ਦੂਜਿਆਂ ਨੂੰ ਲਾਭ ਪਹੁੰਚਾਉਂਣਾ ਅਤੇ ਹਮਦਰਦੀ ਲਈ ਪ੍ਰੇਮ ਜ਼ਰੂਰੀ ਚੀਜ਼ ਹੈ ਅਤੇ ਇਸ ਆਇਤ ਵਿੱਚ ( لَنۡ تَنَالُوا الۡبِرَّ حَتّٰی تُنۡفِقُوۡا مِمَّا تُحِبُّوۡنَ) ਪ੍ਰੇਮ ਦੀ ਸਿੱਖਿਆ ਤੇ ਹਿਦਾਇਤ ਦਿੱਤੀ ਗਈ ਹੈ । ਸੋ ਧੰਨ ਦਾ ਰੱਬ ਦੇ ਮਾਰਗ ਵਿੱਚ ਖ਼ਰਚ ਕਰਨਾ ਵੀ ਮਨੁੱਖ ਦਾ ਸੁਭਾਗ ਤੇ ਸੰਜਮਤਾ ਦਾ ਮਿਆਰ ਤੇ ਸੁਗੰਧ ਹੈ ।

ਹਜਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੁਬਾਰਕ ਹਨ ਉਹ ਲੋਕ ਜੋ ਰੱਬ ਦੀ ਰਜ਼ਾ ਲਈ ਕਸ਼ਟਾਂ ਦੀ ਪਰਵਾਹ ਨ ਕਰਨ ਕਿਉਂਕਿ ਸਦੈਵੀ ਖ਼ੁਸ਼ੀ ਅਤੇ ਸਦੈਵੀ ਸੰਤੋਖ ਦਾ ਚਾਨ੍ਹਣਾ ਇਸ ਆਰਜ਼ੀ ਕਸ਼ਟ ਦੇ ਬਾਦ ਮੋਮਿਨ ਨੂੰ ਮਿਲਦਾ ਹੈ ।

ਹਜ਼ੂਰ ਨੇ ਫ਼ਰਮਾਇਆ : ਅੱਜ ਕੱਲ ਦੁਨੀਆ ਸਮਝਦੀ ਹੈ ਕਿ ਧੰਨ ਜਮਾ ਕਰਨਾ ਅਤੇ ਉਸ ਨੂੰ ਕੇਵਲ ਐਾਪਣੇ ਆਰਾਮ ਲਈ ਖਰਚ ਕਰਨਾ ਹੀ ਉਹਨਾਂ ਲਈ ਖ਼ੁਸ਼ੀ ਤੇ ਸ਼ਾਂਤੀ ਦਾ ਸਬਬ ਬਣ ਸਕਦਾ ਹੈ ਪਰ ਇਕ ਮੋਮਿਨ ਸਮਝਦਾ ਹੈ । ਜਿਸ ਨੂੰ ਦੀਨ ਦਾ ਹਕੀਕੀ ਗਿਆਨ ਤੇ ਸ਼ਊਰ (ਜਾਣਕਾਰੀ) ਹੋਵੇ ਕਿ ਬੇਸ਼ਕ ਅਲੱਾਹ ਤਆਲਾ ਨੇ ਦੁਨੀਆ ਦੀਆਂ ਸਹੂਲਤਾਂ ਤੇ ਨੇਮਤਾ ਮਨੁੱਖ ਲਈ ਬਣਾਈਆਂ ਹਨ ਪਰ ਜੀਵਨ ਦਾ ਅਸਲ ਉਦੇਸ਼ ਰੱਬ ਦੀ ਰਜ਼ਾ ਹੈ ਸੰਜਮਤਾ ਨਾਲ ਚਲੱਣਾ ਹੈ । ਰੱਬ ਦਾ ਹੱਕ ਪੂਰਾ ਕਰਨਾ ਹੈ ਅਤੇ ਉਸ ਦੀ ਮਖ਼ਲੂਕ ਦਾ ਹੱਕ ਪੂਰਾ ਕਰਨਾ ਹੈ । ਰੱਬ ਨੇ ਇਸ ਵਿਸ਼ੇ ਨੂੰ ਇਸ ਆਇਤ ਵਿੱਚ ਵਰਨਣ ਕੀਤਾ ਹੈ ਜਿਸ ਦੀ ਵਿਆਖਿਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀਤੀ ਹੈ ਕਿ ਅਸਲ ਸ਼ਾਂਤੀ ਤੇ ਸਕੂਨ ਤਾਂ ਨੇਕੀਆਂ ਕਰਨ ਨਾਲ ਮਿਲਦਾ ਹੈ । ਧੰਨ ਇਕਤੱਰ ਕਰਨ ਨਾਲ ਨਹੀਂ ਮਿਲਦਾ ਅਤੇ ਨੇਕੀ ਉਸ ਸਮੇਂ ਤੱਕ ਆਪਣੇ ਮਿਆਰ ਪ੍ਰਾਪਤ ਨਹੀਂ ਕਰ ਸਕਦੀ ਜੱੱਦ ਤੱਕ ਰੱਬ ਅਤੇ ਉਸ ਦੀ ਮਖ਼ਲੂਕ ਦਾ ਹੱਕ ਪੂਰਾ ਕਰਨ ਲਈ ਉਹ ਚੀਜ਼ ਨ ਖ਼ਰਚ ਕਰੋ ਜਿਸ ਨੂੰ ਤੁਸੀਂ ਪਸੰਦ ਕਰਦੇ ਹੋ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮਾਲ ਦੌਲਤ ਅਜਿਹੀ ਚੀਜ਼ ਹੈ ਜਿਸ ਤੋਂ ਮਨੁੱਖ ਬਹੁਤ ਪਿਆਰ ਕਰਦਾ ਹੈ । ਅੱਜ ਜੇਕਰ ਅਸੀਂ ਜਾਇਜ਼ਾ ਲਈਏ ਤਾਂ ਦੁਨੀਆਂ ਦੇ ਫ਼ਸਾਦ ਤੇ ਦੰਗਿਆ ਦਾ ਸਬਬ ਦੌਲਤ ਦਾ ਪਿਆਰ ਤੇ ਹਵਸ ਹੈ । ਦੁਨੀਆਦਾਰ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਜੇਕਰ ਉਸ ਦੇ ਕੋਲ ਬਹੁਤ ਸਾਰੀ ਦੌਲਤ ਆ ਗਈ ਤਾਂ ਉਸ ਨੂੰ ਖ਼ਰਚ ਕਿਵੇਂ ਕਰਨਾ ਹੈ । ਖ਼ਰਚ ਤਾਂ ਭਾਵੇਂ ਇਹ ਲੋਕ ਕਰਦੇ ਹਨ ਪਰ ਆਪਣੀਆਂ ਅਯੱਾਸ਼ੀਆਂ ਦੀ ਸ਼ਾਂਤੀ ਲਈ ਨ ਕਿ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਅਤੇ ਨੇਕੀਆਂ ਲਈ ।

ਭੌਤਕ ਜ਼ਰੂਰਤਾ ਤੋਂ ਬਿਨਾ ਅਸੀਂ ਅਹਮਦੀਆਂ ਲਈ ਰੂਹਾਨੀ ਜ਼ਰੂਰਤਾਂ ਪੂਰੀਆਂ ਕਰਨ ਲਈ ਮਾਲ ਖਰਚ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਪ੍ਰਚਾਰ ਤੇ ਸੁਮਾਰਗ ਦਾ ਕੰਮ ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੁਪੁਰਦ ਕੀਤਾ ਗਿਆ ਹੈ । ਉਹ ਸੁਮਾਰਗ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਸੰਪੂਰਨ ਮਨੁਖੱਤਾ ਲਈ ਲਿਆਏ ਸਨ ਅਤੇ ਜਿਸ ਨੂੰ ਫੈਲਾਉਣ ਲਈ ਹਜ਼ਰਤ ਮੁਹਮੱਦ ਸਲੱਲੱਾਹੁ ਅਲੈਹਿ ਵਸਲਮ ਬੇਚੈਨ ਸਨ । ਉਸ ਦੀ ਸੰਪੂਰਨਤਾ ਦਾ ਇਹ ਸਮਾਂ ਹੈ । ਜਿਵੇਂ ਇਹ ਕੰਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੁਪੁਰਦ ਕੀਤਾ ਗਿਆ ਸੀ, ਉਸੇ ਪ੍ਰਕਾਰ ਹੁਣ ਇਹ ਕੰਮ ਆਪਦੇ ਮੰਨ੍ਹਣ ਵਾਲਿਆਂ ਦੇ ਸੁਪੁਰਦ ਕੀਤਾ ਗਿਆ ਹੈ । ਉਹਨਾਂ ਦੇ ਸੁਪੁਰਦ ਹੈ ਜੋ ਇਹ ਅਹਿਦ ਕਰਦੇ ਹਨ ਕਿ ਅਸੀਂ ਦੀਨ ਨੂੰ ਦੁਨੀਆ ਉਪੱਰ ਪ੍ਰਾਥਮਕਤਾ ਦੇਣਗੇ । ਅਮੀਰ ਲੋਕ ਤਾਂ ਆਪਣੀਆਂ ਅਯੱਾਸ਼ੀਆਂ ਉਪੱਰ ਖਰਚ ਕਰਦੇ ਹਨ, ਪਰ ਮੋਮਿਨ ਉਹ ਹੈ ਜਿਸ ਨੂੰ ਰੱਬ ਫ਼ਰਮਾਉਂਦਾ ਹੈ ਕਿ ਹਕੀਕੀ ਨੇਕੀ ਹਾਸਲ ਕਰਨ ਲਈ ਰਬ ਦੀ ਰਜ਼ਾ ਹਾਸਲ ਕਰਨ ਲਈ ਆਪਣੇ ਆਪ ਨੂੰ ਕਸ਼ਟ ਵਿੱਚ ਪਾਕੇ ਉਸ ਮਾਲ ਨੂੰ ਖਰਚ ਕਰੋ ਜਿਸ ਨਾਲ ਤੁਹਾਨੂੰ ਪਿਆਰ ਹੈ । ਇਸ ਜ਼ਮਾਨੇ ਵਿੱਚ ਜਮਾਤ ਅਹਮਦੀਆ ਹੀ ਮੋਮਿਨਾ ਦੀ ਉਹ ਜਮਾਤ ਹੈ ਜੋ ਇਕ ਨਿਜ਼ਾਮ (ਵਿਵਸਥਾ) ਹੇਠ ਇਹ ਖਰਚ ਕਰਦੀ ਹੈ ਜੋ ਇਸਲਾਮ ਦੇ ਪ੍ਰਚਾਰ ਲਈ ਖਰਚ ਕਰਦੀ ਹੈ ਜਿਸ ਵਿੱਚ ਵੱਖ ਵੱਖ ਸਾਧਨਾ ਰਾਹੀਂ ਪ੍ਰਚਾਰ ਦੇ ਖਰਚੇ ਹਨ ਅਤੇ ਮਖ਼ਲੂਕ ਨਾਲ ਹਮਦਰਦੀ ਦੇ ਸਬਬ ਉਹਨਾਂ ਦੇ ਹੱਕ ਪੂਰੇ ਕਰਦਿਆਂ ਹੋਇਆਂ ਉਹਨਾਂ'ਤੇ ਖਰਚ ਕੀਤਾ ਜਾਂਦਾ ਹੈ ਅਤੇ ਅਨੇਕਾਂ ਹੀ ਅਜਿਹੇ ਲੋਕ ਹਨ ਜੋ ਕਸ਼ਟ ਝਲੱਕੇ ਇਹ ਖਰਚ ਕਰਦੇ ਹਨ ਅਤੇ ਇਸ ਵਿਸ਼ਵਾਸ ਨਾਲ ਖ਼ਰਚ ਕਰਦੇ ਹਨ ਕਿ ਜਿੱਥੇ ਇਹ ਖ਼ਰਚ ਰੱਬ ਦੀ ਨੇੜਤਾ ਅਤੇ ਉਸ ਦੀ ਰਜ਼ਾ ਪ੍ਰਾਪਤ ਕਰਨ ਵਾਲਾ ਬਣਾਏਗਾ ਓਥੇ ਇਹ ਵੀ ਤਸੱਲੀ ਹੈ ਕਿ ਸਹੀ ਤਰੀਕੇ ਨਾਲ ਖ਼ਰਚ ਹੋਵੇਗਾ । ਇਸ ਗੱਲ ਦਾ ਸਮਰਥਨ ਤਾਂ ਕਈ ਗ਼ੈਰ ਲੋਕ ਵੀ ਕੀਤੇ ਬਿਨਾ ਨਹੀਂ ਰਹਿੰਦੇ ਕਿ ਜਮਾਤ ਦੀ ਆਰਥਕ ਵਿਵਸਥਾ ਅਤੇ ਖ਼ਰਚ ਬਹੁਤ ਚੰਗਾ ਹੈ ।

ਸਾਡੇ ਕਬਾਬੀਰ ਦੇ ਮੁਬਲੱਗ਼ ਨੇ ਇਕ ਘਟਣਾ ਲਿਖੀ ਕਿ ਯੁਰੋਸ਼ਲਮ ਯੂਨੀਵਰਸਿਟੀ ਦੇ ਦੋ ਰਿਟਾਇਰਡ ਪ੍ਰੋਫ਼ੈਸਰ ਆਪਣੇ ਦੋ ਵਿਦੇਸ਼ੀ ਮਹਿਮਾਨ ਮਿਤੱਰਾਂ ਨਾਲ ਸਾਡੇ ਮਿਸ਼ਨ ਕਬਾਬੀਰ ਵਿੱਚ ਆਏ । ਉਹਨਾਂ ਨਾਲ ਜਮਾਤ ਬਾਰੇ ਗੱਲ ਕਰਨ ਦਾ ਮੌਕਾ ਮਿਲਿਆ । ਜਮਾਤ ਦੇ ਨਿਜ਼ਾਮ (ਵਿਵਸਥਾ) ਬਾਰੇ ਦੱਸਿਆ ਗਿਆ । ਉਹਨਾਂ ਮਹਿਮਾਨਾਂ ਵਿੱਚੋਂ ਇਕ ਆਸਟ੍ਰੀਆ ਨਾਲ ਸੰਬੰਧ ਰਖੱਣ ਵਾਲੇ ਪ੍ਰੋਫ਼ੈਸਰ ਸਨ । ਉਹ ਅਖੀਰ ਵਿੱਚ ਕਹਿਣ ਲੱਗੇ ਮੈਨੂੰ ਜਮਾਤ ਅਹਮਦੀਆ ਦੀ ਜੋ ਸਭ ਤੋਂ ਚੰਗੀ ਗੱਲ ਲੱਗੀ ਉਹ ਇਹ ਹੈ ਕਿ ਆਪ ਦੀ ਜਮਾਤ ਦੀ ਆਰਥਕ ਵਿਵਸਥਾ ਅਤਿਅੰਤ ਪਾਕ ਤੇ ਸਾਫ਼ ਹੈ । ਕਹਿਣ ਲੱਗੇ ਕਿ ਦੁਨੀਆ ਵਿੱਚ ਕੇਵਲ ਪਾਕ ਤੇ ਸਾਫ਼ ਮਾਲ ਨਾਲ ਇਨਕਲਾਬ ਲਿਆਉਣਾ ਸ਼ਾਇਦ ਆਪ ਲੋਕਾਂ ਦੇ ਮੁਕਦੱਰ ਵਿੱਚ ਹੀ ਲਿੱਖਿਆ ਹੋਇਆ ਹੈ ਅਤੇ ਇਸ ਦੇ ਲਈ ਆਪ ਨੂੰ ਮੁਬਾਰਕ ਹੋਵੇ ਅਤੇ ਚੰਦਿਆਂ ਲਈ ਪਾਕੀਜ਼ਾ (ਪਵਿਤੱਰ) ਮਾਲ ਜ਼ਰੂਰੀ ਹੈ । ਅਲੱਾਹ ਤਆਲਾ ਨੇ ਇਹ ਵੀ ਫ਼ਰਮਾਇਆ ਹੈ ਕਿ ਆਪਣੇ ਉਸ ਮਾਲ ਵਿੱਚੋਂ ਦਿਓ ਜੋ ਪਵਿਤੱਰ ਮਾਲ ਹੋਵੇ ਜੋ ਜਾਇਜ਼ ਤਰੀਕੇ ਨਾਲ ਕਮਾਇਆ ਗਿਆ ਹੋਵੇ । ਧੋਖਾ ਦੇਕੇ ਕਮਾਇਆ ਹੋਇਆ ਮਾਲ ਨ ਹੋਵੇ । ਟੈਕਸ ਬਚਾ ਕੇ ਕਮਾਇਆ ਹੋਇਆ ਮਾਲ ਨ ਹੋਵੇ ਜਾਂ ਕਿਸੇ ਵੀ ਢੰਗ ਨਾਲ ਗ਼ਲਤ ਤਰੀਕਿਆਂ ਨਾਲ ਕਮਾਇਆ ਮਾਲ ਨ ਹੋਵੇ । ਇਹ ਗੱਲ ਦੁਨੀਆਦਾਰ ਨੂੰ ਵੀ ਦਿਖਾਈ ਦੇ ਗਈ ਕਿ ਇਨਕਲਾਬ ਲਿਆਉਣ ਵਾਲੇ ਇਹੋ ਲੋਕ ਹਨ । ਸੋ, ਜੱਦ ਤੱਕ ਸਾਡੀਆਂ ਨੀਯੱਤਾਂ ਨੇਕ ਰਹਿਣਗੀਆਂ, ਜੱਦ ਤੱਕ ਅਸੀਂ ਪਵਿਤੱਰ, ਮਾਲ ਕਮਾਉਣ ਦਾ ਜਤਨ ਕਰਦੇ ਰਹਾਂਗੇ ਅਤੇ ਉਸ ਨੂੰ ਰੱਬ ਦੇ ਮਾਰਗ ਵਿੱਚ ਖ਼ਰਚ ਕਰਦੇ ਰਹਾਂਗੇ, ਨਿਸ਼ਚੇ ਹੀ ਅਸੀਂ ਇਨਕਲਾਬ ਲਿਆਉਣ ਦਾ ਸਾਧਨ ਬਣ ਸਕਾਂਗੇ ਅਤੇ ਇਹ ਇਨਕਲਾਬ ਸਾਡੇ ਨਾਲ ਮੁਕਦੱਰ ਹੈ ਕਿਉਂਕਿ ਰੱਬ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਵਾਦਾ ਹੈ । ਕੋਈ ਸੰਸਾਰਕ ਇਨਕਲਾਬ ਅਸੀਂ ਨਹੀਂ ਲਿਆਉਣਾ ਸਗੋਂ ਰੂਹਾਨੀ ਇਨਕਲਾਬ ਲਿਆਉਣਾ ਹੈ । ਹਜ਼ਰਤ ਮੁਹਮੱਦ ਸਲਲੱਾਹੂ ਅਲੈਹਿ ਵਸਲਮ ਦੇ ਪੈਗ਼ਾਮ ਨੂੰ ਦੁਨੀਆ ਵਿੱਚ ਪਹੁੰਚਾਉਣਾ ਹੈ । ਤੌਹੀਦ (ਇਕ ਈਸ਼ਵਰ ਵਾਦ) ਦਾ ਸਥਾਪਨ ਕਰਨਾ ਹੈ ਅਤੇ ਮਖ਼ਲੂਕ ਦੇ ਹੱਕ ਪੂਰੇ ਕਰਨੇ ਹਨ ਅਤੇ ਇਹ ਕੋਈ ਮਨੁੱਖੀ ਗੱਲਾਂ ਨਹੀਂ ਹਨ ਸਗੋਂ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਖ਼ਾਲਸ ਪ੍ਰੇਮ ਕਰਨ ਵਾਲਿਆਂ ਦੇ ਗਿਰੋਹ ਨੂੰ ਵਧਾਉਣ ਦਾ ਵਾਦਾ ਕੀਤਾ ਹੋਇਆ ਹੈ । ਜਮਾਤ ਦੀਆਂ ਮਾਲੀ ਕੁਰਬਾਨੀਆਂ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਮੈਂ ਖ਼ੂਬ ਜਾਣਦਾ ਹਾਂ ਕਿ ਸਾਡੀ ਜਮਾਤ ਨੇ ਉਹ ਸਚੱਾਈ ਤੇ ਵਫ਼ਾਦਾਰੀ ਦਿਖਾਈ ਹੈ ਜੋ ਅਰੰਭ ਦੇ ਜੁੱਗ ਵਿੱਚ ਸਹਾਬਾ ਦਿਖਾਉਂਦੇ ਸਨ । ਫ਼ਰਮਾਇਆ : ਇਕ ਮੌਕੇ'ਤੇ ਆਪ ਨੇ ਜਮਾਤ ਦੇ ਲੋਕਾਂ ਦੀ ਕੁਰਬਾਨੀ ਦੇ ਮਿਆਰ ਨੂੰ ਦੇਖਕੇ ਇਸ ਹੈਰਾਨੀ ਦਾ ਪ੍ਰਕਟਨ ਕੀਤਾ ਸੀ ਕਿ ਕਿਵੇਂ ਇਹ ਲੋਕ ਐਨ੍ਹੀ ਕੁਰਬਾਨੀ ਕਰ ਦਿੰਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਮੈਂ ਤਹਿਰੀਕੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਕਰਾਂਗਾ ਇਸ ਲਈ ਮੈਂ ਇਹਨਾਂ ਕੁਝ ਕੁਰਬਾਨੀ ਕਰਨ ਵਾਲਿਆਂ ਦੇ ਨਮੂਨੇ ਪੇਸ਼ ਕਰਦਾ ਹਾਂ ਜੋ ਮਾਲੀ ਕੁਰਬਾਨੀ ਨਾਲ ਸੰਬੰਧ ਰਖੱਦੇ ਹਨ । ਕੇਵਲ ਅਮੀਰ ਦੇਸ਼ਾਂ ਵਿੱਚ ਨਹੀਂ ਸਗੋਂ ਗ਼ਰੀਬ ਦੇਸ਼ਾਂ ਵਿੱਚ ਅਤੇ ਬਿਲਕੁਲ ਨਵੇਂ ਸ਼ਾਮਲ ਹੋਣ ਵਾਲੇ ਅਹਮਦੀ ਜੋ ਹਨ ਉਹਨਾਂ ਦੇ ਵੀ, ਰੱਬ ਅਹਮਦੀਅਤ ਕੁਬੂਲ ਕਰਨ ਦੇ ਬਾਦ ਦਿਲ ਕਿਵੇਂ ਫ਼ੇਰਦਾ ਹੈ ਹੈਰਾਨੀ ਹੁੰਦੀ ਹੈ ਕਿ ਤੰਗੀ ਹੁੰਦਿਆਂ ਹੋਇਆਂ ਵੀ ਉਹ ਕੁਰਬਾਨੀ ਵਿੱਚ ਅੱਗੇ ਵਧੱਣ ਵਾਲੇ ਹਨ । ਮੁਬਲੱਗ਼ ਇੰਚਾਰਜ ਗਿਨੀ ਕਨਾਕਰੀ ਲਿਖੱਦੇ ਹਨ ਕਿ ਏਥੇ ਇਕ ਜਮਾਤ ਹੈ ਸੋਨਬਯਾਬੀ ਇਸ ਦੀ ਮਸਜਿਦ ਦੇ ਇਮਾਮ ਆਪਣੀ ਮਸਜਿਦ ਸਮੇਤ ਜਮਾਤ ਵਿੱਚ ਇਸ ਸਾਲ ਸ਼ਾਮਲ ਹੋਏ । ਜੱਦ ਉਹਨਾਂ ਨੂੰ ਜਮਾਤ ਦੇ ਮਾਲੀ ਨਿਜ਼ਾਮ ਅਤੇ ਤਹਿਰੀਕੇ ਜਦੀਦ ਦੀ ਮਹਤੱਾ ਆਦਿ ਬਾਰੇ ਦੱਸਿਆ ਗਿਆ ਤਾਂ ਕਹਿਣ ਲੱਗੇ ਕਿ ਮੈਂ ਆਪ ਵੀ ਚੰਦੇ ਤੇ ਜ਼ਕਾਤ ਉਪੱਰ ਬਹੁਤ ਭਾਸ਼ਣ ਦਿੱਤੇ ਹਨ ਪਰ ਐਨ੍ਹਾ ਮਜ਼ਬੂਤ ਤੇ ਸੰਪੂਰਨ ਆਰਥਕ ਨਿਜ਼ਾਮ (ਵਿਵਸਥਾ) ਮੈਂ ਕਿਤੇ ਹੋਰ ਨਹੀਂ ਦੇਖਿਆ ਅਤੇ ਨ ਕਦੇ ਅਜਿਹੀ ਵਿਵਸਥਾ ਬਾਰੇ ਸੁਣਿਆ ਸੀ । ਇਉਂ ਉਹਨਾਂ ਨੇ ਉਸੇ ਸਮੇਂ ਚੰਦੇ ਦੀ ਅਦਾਇਗੀ ਕੀਤੀ ਅਤੇ ਕਿਹਾ ਕਿ ਮੈਂ ਵਾਦਾ ਕਰਦਾ ਹਾਂ ਕਿ ਭਵਿੱਖ ਵਿੱਚ ਸਾਡੀ ਸਾਰੀ ਜਮਾਤ

ਚੰਦਾ ਅਦਾ ਕਰੇਗੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਉਹ ਲੋਕ ਹਨ ਜੋ ਗ਼ਰੀਬ ਖੇਤਰ ਦੇ ਹਨ । ਅਤਿਅੰਤ ਹੇਠਲੇ ਦਰਜੇ ਦੇ ਗ਼ਰੀਬ ਹਨ, ਪਰ ਮਾਲੀ ਕੁਰਬਾਨੀਆਂ ਵਿੱਚ ਸਭ ਤੋਂ ਉਤੱਮ ਦਰਜੇ ਵਿੱਚ ਪਹੁੰਚਣ ਵਾਲੇ ਲੋਕ ਹਨ ।

ਫ਼ਰਮਾਇਆ : ਫਿਰ ਇਹ ਕੇਵਲ ਇਕ ਦੇਸ਼ ਦੀ ਗੱਲ ਨਹੀਂ ਅਨੇਕਾਂ ਹੀ ਦੇਸ਼ਾਂ ਵਿੱਚ ਹੋ ਰਿਹਾ ਹੈ । ਇੰਡੀਆ ਦੇ ਪ੍ਰਾਂਤ ਆਂਧਰਾ ਤੇ ਤੇਲੰਗਾਨਾ ਦੇ ਇੰਨਪੈਕਟਰ ਸ਼ਹਾਬੁੱਦੀਨ ਸਰਹਬ ਕਹਿੰਦੇ ਹਨ ਕਿ ਹੈਦਰਾਬਾਦ ਦੇ ਇਕ ਗ਼ਰੀਬ ਮਿਤੱਰ ਹਨ, ਉਹਨਾਂ ਨੇ ਆਪਣਾ ਵਪਾਰ ਵੀਹ ਹਜ਼ਾਰ ਰੁਪਏ ਤੋਂ ਅਰੰਭ ਕੀਤਾ । ਇਕ ਕਛੋਟੀ ਜਿਹੀ ਦੁਕਾਨ ਚਲਾਉਂਦੇ ਹਨ ਉਹ । ਨਮਾਜ਼ਾਂ ਦੇ ਸਮੇਂ ਦੁਕਾਨ ਬੰਦ ਕਰ ਦਿੰਦੇ ਹਨ । ਸਾਲ ਵਿੱਚ ਇਕ ਮਹੀਨੇ ਦੀ ਸਾਰੀ ਆਮਦ ਤਹਿਰੀਕੇ ਜਦੀਦ ਵਿੱਚ ਦੇ ਦਿੰਦੇ ਹਨ । ਇਸ ਸਾਲ ਵੀ ਉਹਨਾਂ ਨੇ ਸੱਠ ਹਜ਼ਾਰ ਰੁਪਏ ਤਹਿਰੀਕੇ ਜਦੀਦ ਵਿੱਚ ਦਿੱਤੇ। ਕਿਰਾਏ ਦੇ ਮਕਾਨ ਵਿੱਚ ਰਹਿੰਦੇ ਹਨ । ਇੰਨਪੈਕਟਰ ਸਾਹਬ ਕਹਿੰਦੇ ਹਨ ਕਿ ਇਕ ਦਿਕ ਮੈਂ ਉਹਨਾਂ ਨੂੰ ਕਿਹਾ ਕਿ ਆਪ ਆਪਣਾ ਜ਼ਾਤੀ (ਵਿਕਤੀਗੱਤ) ਘਰ ਖ਼ਰੀਦ ਲੈਂਣ, ਉਸ'ਤੇ ਕਹਿਣ ਲੱਗੇ ਕਿ ਜਿਵੇਂ ਚੱਲ ਰਿਹਾ ਹੈ ਚਲੱਣ ਦਿਓ। ਦੁਨੀਆਂ ਉਂਝ ਵੀ ਹਲਾਕਤ ਵੱਲ ਵੱਧ ਰਹੀ ਹੈ । ਧੰਨ ਇਕਤੱਰ ਕਰਨ ਦੀ ਕੀ ਲੋੜ ਹੈ, ਕਿਉਂ ਨ ਮੈਂ ਰੱਬ ਦੇ ਮਾਰਗ ਵਿੱਚ ਖਰਚ ਕਰਦਾ ਰਹਾਂ ।

ਜਰਮਨੀ ਦੇ ਸੈਕ੍ਰੇਟਰੀ ਤਹਿਰੀਕੇ ਜਦੀਦ ਨੇ ਲਿੱਖਿਆ ਕਿ ਇਕ ਇਸਤਰੀ ਹਨ ਜਿੰਨ੍ਹਾ ਨੇ ਆਪਣਾ ਨਾਂ ਪ੍ਰਕਟ ਨਹੀਂ ਕੀਤਾ । ਤਹਿਰੀਕੇ ਜਦੀਦ ਦੇ ਦਫ਼ਤਰ ਵਿੱਚ ਆਪਣਾ ਸਾਰਾ ਗਹਿਣਾ ਪੇਸ਼ ਕਰ ਦਿੱਤਾ । ਗਹਿਣੇ ਐਨ੍ਹੇ ਸਨ ਕਿ ਸਾਰਾ ਮੇਜ਼ ਗਹਿਣਿਆਂ ਨਾਲ ਭਰ ਗਿਆ । ਸੋਨੇ ਦੇ ਹਾਰ, ਅੰਗੂਠੀਆਂ, ਚੂੜੀਆਂ ਦੀ ਵਾਹਵਾ ਗਿਣਤੀ ਸੀ ਪਰ ਉਹਨਾਂ ਨੇ ਕਿਹਾ ਮੇਰਾ ਨਾਂ ਪ੍ਰਕਟ ਨਹੀਂ ਕਰਨਾ ਤਾਂ ਜੋ ਮੇਰੀ ਕੁਰਬਾਨੀ ਕੇਵਲ ਰੱਬ ਲਈ ਹੋਵੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਗਹਿਣੇ ਇਸਤਰੀ ਦੀ ਕਮਜ਼ੋਰੀ ਹਨ ਪਰ ਅਹਮਦੀ ਇਸਤਰੀਆਂ ਹਨ ਜੋ ਕਿ ਕੁਰਬਾਨੀਆਂ ਕਰਦੀਆਂ ਹਨ ।

ਰਸ਼ੀਆ ਵਿੱਚ ਵੀ ਕਈ ਘਟਨਾਵਾਂ ਹਨ । ਇਕ ਮਿਤੱਰ ਲੀਨਾਰ ਸਾਹਬ ਕਹਿੰਦੇ ਹਨ, ਉਹਨਾਂ ਦੇ ਹਾਲਾਤ ਬਹੁਤ ਖ਼ਰਾਬ ਸਨ ਕਿਰਾਏ ਦੇ ਫਲੈਟ ਵਿੱਚ ਰਹਿੰਦੇ ਸਨ ਕਈ ਆਰਥਕ ਔਕੁੜਾਂ ਵਿੱਚ ਘਿਰੇ ਹੋਏ ਸਨ ਪਰ ਆਪਣੇ ਲਾਜ਼ਮੀ ਚੰਦੇ ਅਤੇ ਤਹਿਰੀਕੇ ਜਦੀਦ ਦਾ ਚੰਦਾ ਆਪਣੀ ਸਮਰਥਾ ਅਨੁਸਾਰ ਦਿੰਦੇ ਰਹੇ । ਇਹ ਮਿਤੱਰ ਕਹਿੰਦੇ ਹਨ ਕਿ ਚੰਦੇ ਦੀ ਬਰਕਤ ਨਾਲ ਮੇਰੀ ਪਤਨੀ ਨੂੰ ਮੈਂਡੀਕਲ ਕਾਲਜ ਖ਼ਤਮ ਹੋਣ ਦੇ ਬਾਦ ਸਰਕਾਰੀ ਨੌਕਰੀ ਮਿਲ ਗਈ ਅਤੇ ਸਰਕਾਰ ਨੇ ਬੱਚਿਆ ਦੀ ਰਿਹਾਇਸ਼ ਲਈ ਕਰਾਜ਼ਾ ਵੀ ਉਪਲਭਧ ਕਰ ਦਿੱਤਾ । ਹੁਣ ਆਰਥਕ ਅਵਸਥਾ ਪਹਿਲਾਂ ਨਾਲੋਂ ਚੰਗੀ ਹੋ ਗਈ ਹੈ ਅਤੇ ਰੱਬ ਦੀ ਮਿਹਰ ਨਾਲ ਸਾਡੇ ਕੋਲ ਦੋ ਗੱਡੀਆਂ ਵੀ ਆ ਗਈਆਂ ਹਨ । ਇਹ ਕਹਿੰਦੇ ਹਨ ਕਿ ਇਹ ਸਭ ਕੁਝ ਰੱਬ ਦੀ ਮਿਹਰ ਤੇ ਚੰਦਾ ਦੇਣ ਦਾ ਸਿਟੱਾ ਹੈ । ਪਹਿਲਾਂ ਔਕੁੜਾਂ ਦੇ ਦਿਨਾਂ ਵਿੱਚ ਵੀ ਅਸੀਂ ਚੰਦਾ ਦਿੰਦੇ ਰਹੇ ਅਤੇ ਹੁਣ ਤਾਂ ਰੱਬ ਨੇ ਬਹੁਤ ਕੁਝ ਬਖ਼ਸ਼ ਦਿੱਤਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰਸ਼ੀਆਂ ਵਿੱਚ ਬੈਠੇ ਵਿਅਕਤੀ ਨੂੰ ਵੀ ਰੱਬ ਨਵਾਜ਼ ਰਿਹਾ ਹੈ, ਅਫ਼ਰੀਕਾ ਵਾਲੇ ਨੂੰ ਵੀ ਨਵਾਜ਼ ਰਿਹਾ ਹੈ, ਇੰਡੋਨੇਸ਼ੀਆ ਵਾਲੇ ਨੂੰ ਵੀ ਨਵਾਜ਼ ਰਿਹਾ ਹੈ, ਦੂਜੇ ਹੋਰਨਾ ਦੇਸ਼ਾਂ ਵਿੱਚ ਵੀ, ਯੂਰੋਪ ਵਿੱਚ ਵੀ, ਇਹ ਤਾਂ ਸਾਰਾ ਰੱਬ ਦਾ ਵਰਤਾਉ ਹੈ ਕਿ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਜੋਂ ਵਾਦਾ ਕੀਤਾ ਸੀ ਪ੍ਰੇਮੀਆਂ ਦੀ ਜਮਾਤ ਪ੍ਰਦਾਨ ਕਰਨ ਦਾ ਅਤੇ ਉਹਨਾਂ ਦੇ ਈਮਾਨ ਵਧਾਉਣ ਦਾ । ਜੋ ਰੱਬ ਵੱਲ ਵਧੱਦੇ ਹਨ ਉਹਨਾਂ ਨੂੰ ਈਮਾਨ ਵਿੱਚ ਵਧਾਉਂਦਾ ਵੀ ਹੈ ।

ਹਜ਼ੂਰ ਪੁਰ ਨੂਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਜਮਾਤ ਦੇ ਲੋਕਾਂ ਦੀਆਂ ਆਰਥਕ ਕੁਰਬਾਨੀਆਂ ਦੀਆਂ ਕਈ ਘਟਨਾਵਾਂ ਵਰਨਣ ਕੀਤੀਆਂ : ਕੁਰਬਾਨੀਆਂ ਅਤੇ ਉਸ'ਤੇ ਰੱਬ ਦੀਆਂ ਮਿਹਰਾਂ ਦੀਆਂ ਬੇਸ਼ੁਮਾਰ ਘਟਨਾਵਾਂ ਹਨ ਜੋ ਮੇਰੇ ਕੋਲ ਆਏ, ਕੁਝ ਇਕ ਮੈਂ ਪੇਸ਼ ਕੀਤੇ । ਲਗਭਗ ਹਰ ਦੇਸ਼ ਵਿੱਚ ਰਹਿਣ ਵਾਲਿਆਂ

ਨਾਲ ਰੱਬ ਦਾ ਇਹੋ ਵਰਤਾਉ ਹੈ । ਜੋ ਰਬ'ਤੇ ਭਰੋਸਾ ਕਰਦੇ ਹੋਏ ਉਸ ਦੀ ਖ਼ਾਤਰ ਕੁਰਬਾਨੀ ਕਰਦੇ ਹਨ ਫਿਰ ਅਲੱਾਹ ਤਆਲਾ ਉਹਨਾਂ ਨੂੰ ਅਥਾਹ ਨਵਾਜ਼ਦਾ ਹੈ । ਇਕ ਅਕਲ ਰਖੱਣ ਵਾਲੇ ਮਨੁੱਖ ਲਈ ਅਹਮਦੀਅਤ ਦੀ ਸਚੱਾਈ ਦਾ ਇਹੋ ਪ੍ਰਮਾਣ ਬਹੁਤ ਹੈ ਕਿ ਕਿਵੇਂ ਕੁਰਬਾਨੀਆਂ ਦੇ ਸਿੱਟੇ ਵਿੱਚ ਰੱਬ ਕੁਰਬਾਨੀਆਂ ਕਰਨ ਵਾਲਿਆਂ ਨੂੰ ਨਵਾਜ਼ਦਾ ਹੈ । ਇਸ ਲਈ ਕਿ ਇਹ ਚੰਦੇ ਰੱਬ ਦੇ ਦੀਨ (ਧਰਮ) ਦੇ ਪ੍ਰਸਾਰਣ ਵਿੱਚ ਖ਼ਰਚ ਹੁੰਦੇ ਹਨ । ਗ਼ਰੀਬ ਦੇਸ਼ਾਂ ਵਾਲੇ ਬੇਸ਼ਕ ਚੰਦੇ ਦਿੰਦੇ ਹਨ ਪਰ ਉਹਨਾਂ ਦੇ ਖਰਚੇ ਉਹਨਾਂ ਦੇ ਚੰਦਿਆਂ ਤੋਂ ਬਹੁਤੇ ਹਨ ਇਸ ਲਈ ਅਮੀਰ ਦੇਸ਼ਾਂ ਵੱਲੋਂ ਦਿੱਤੇ ਗਏ ਜੋ ਚੰਦੇ ਹੁੰਦੇ ਹਨ ਮਰਕਜ਼ (ਕੇਂਦਰ) ਉਹਨਾਂ ਦੇਸ਼ਾਂ'ਤੇ ਖ਼ਰਚ ਕਰਦਾ ਹੈ ਜਿੰਨ੍ਹਾ ਦੇ ਆਪਣੇ ਬਜਟ ਪੂਰੇ ਨਹੀਂ ਹੁੰਦੇ । ਸੈਂਕੜੇ ਸਕੂਲ, ਕਈ ਹਸਪਤਾਲ, ਮਿਸ਼ਨ ਹਾਊਜ਼, ਅਤੇ ਸੈਂਕੜੇ ਮਸਜਿਦਾਂ ਦੀ ਹਰ ਸਾਲ ਉਸਾਰੀ ਹੁੰਦੀ ਹੈ ਅਤੇ ਉਹਨਾਂ ਲਈ ਰਕਮ ਦੀ ਲੋੜ ਹੁੰਦੀ ਹੈ । ਜੋ ਤਹਿਰੀਕੇ ਜਦੀਦ ਅਤੇ ਵਕਫ਼ੇ ਜਦੀਦ ਦੇ ਚੰਦਿਆਂ ਤੋਂ ਪੂਰੀ ਕੀਤੀ ਜਾਂਦੀ ਹੈ । ਇਸੇ ਪ੍ਰਕਾਰ ਐਮ.ਟੀ.ਏ. ਉਪੱਰ ਵੀ ਮਿਲੀਯਨ ਡਾਲਰਜ਼ ਖ਼ਰਚ ਹੁੰਦੇ ਹਨ । ਐਮ.ਟੀ.ਏ. ਬਾਰੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਾਇਜ਼ੇ ਅਨੁਸਾਰ ਏਥੇ ਐਮ.ਟੀ.ਏ. ਸੁਨਣ ਦਾ ਜਿੰਨ੍ਹਾ ਰਿਵਾਜ ਹੋਣਾ ਚਾਹੀਦਾ ਹੈ ਉਹ ਨਹੀਂ ਹੈ ਜਾਂ ਘੱਟੋ ਘੱਟ ਮੇਰੇ ਖ਼ੁਤਬੇ ਸਿੱਧੇ ਪ੍ਰਸਾਰਣ ਰਾਹੀਂ ਨਹੀਂ ਸੁਣਦੇ । ਜਮਾਤ ਐਨ੍ਹਾ ਅਥਾਹ ਖ਼ਰਚ ਕਰਦੀ ਹੈ ਇਹ ਜਮਾਤ ਦੀ ਤਰਬੀਯਤ ਲਈ ਹੈ । ਜੇਕਰ ਸਮੇਂ ਦਾ ਅੰਤਰ ਵੀ ਹੈ ਤਾਂ ਜੋ ਰਿਪੀਟ (Repeat) ਆਉਂਦਾ ਹੈ ਉਸ ਖ਼ੁਤਬੇ ਨੂੰ ਸੁਨਣਾ ਚਾਹੀਦਾ ਹੈ । ਰੱਬ ਨੇ ਐਮ.ਟੀ.ਏ. ਨੂੰ ਇਕ ਸਾਧਨ ਬਣਇਆ ਹੈ ਖ਼ਿਲਾਫ਼ਤ ਨਾਲ ਜਮਾਤ ਦਾ ਸੰਬੰਧ ਜੋੜਨ ਦਾ । ਜੇਕਰ ਘਰਾਂ ਵਿੱਚ ਆਪ ਲੋਕ ਇਸ ਵੱਲ ਧਿਆਨ ਨਹੀਂ ਦੇਣਗੇ ਤਾਂ ਹੋਲ੍ਹੀ ਹੋਲ੍ਹੀ ਆਪ ਦੀਆਂ ਸੰਤਾਨਾ ਪਿੱਛੇ ਹਟਣਾ ਅਰੰਭ ਹੋ ਜਾਣਗੀਆਂ । ਸੋ, ਇਸ ਤੋਂ ਪਹਿਲਾਂ ਕਿ ਪਛਤਾਵਾ ਅਰੰਭ ਹੋ ਜਾਵੇ ਆਪਣੇ ਆਪ ਨੂੰ ਖ਼ਿਲਾਫ਼ਤ ਨਾਲ ਜੋੜੋ ਅਤੇ ਇਸ ਦਾ ਸਭ ਤੋਂ ਚੰਗਾ ਸਾਧਨ ਰੱਬ ਨੇ ਐਮ.ਟੀ.ਏ. ਦਿੱਤਾ ਹੋਇਆ ਹੈ ਇਸ ਦੀ ਵਰਤੋਂ ਕਰੋ । ਘੱਟੋਂ ਘੱਟ ਖ਼ੁਤਬੇ ਜ਼ਰੂਰ ਸੁਣਿਆਂ ਕਰੋ । ਇਹ ਨਹੀਂ ਕਿ ਮੁਰਬੀ ਸਾਹਬ ਨੇ ਸਾਨੂੰ ਸਾਰ ਸੁਣਾ ਦਿਤੱਾ ਸੀ । ਇਸ ਲਈ ਸਾਨੂੰ ਪਤਾ ਹੈ ਕੀ ਕਿਹਾ ਗਿਆ ਹੈ । ਸਾਰ ਸੁਨਣ ਵਿੱਚ ਅਤੇ ਪੂਰਾ ਸੁਨਣ ਵਿੱਚ ਬਹੁਤ ਅੰਤਰ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : 1934ਈ. ਵਿੱਚ ਅਹਰਾਰ ਜਮਾਤ ਨੂੰ ਖ਼ਤਮ ਕਰਨ ਦੀਆਂ ਗੱਲਾਂ ਕਰਦੇ ਸਨ । ਕਾਦੀਆਂ ਦੀ ਇੱਟ ਨਾਲ ਇੱਟ ਖੜਕਾਉਣ ਦੀਆਂ ਗਲੱਾਂ ਕਰਦੇ ਸਨ । ਉਸ ਸਮੇਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਤਹਿਰੀਕੇ ਜਦੀਦ ਦਾ ਐਲਾਨ ਕਰਕੇ ਦੁਨੀਆ ਵਿੱਚ ਮਿਸ਼ਨਰੀ ਭੇਜਣ ਦਾ ਮਨਸੂਬਾ ਬਣਾਇਆ। ਪ੍ਰਚਾਰ ਦਾ ਇਕ ਠੋਸ ਮਨਸੂਬਾ ਬਣਇਆ ਗਿਆ । ਅੱਜ ਰੱਬ ਦੀ ਮਿਹਰ ਨਾਲ ਦੁਨੀਆ ਦੇ ਹਰ ਦੇਸ਼ ਵਿੱਚ ਜਮਾਤ ਅਹਮਦੀਆ ਨੂੰ ਜਾਣਿਆ ਜਾਂਦਾ ਹੈ ਅਤੇ 209 ਦੇਸ਼ਾਂ ਵਿੱਚ ਜਮਾਤ ਕਾਇਮ ਹੋ ਚੁਕੀ ਹੈ ਅੱਜ ਜਮਾਤ ਹੋਣ ਦੇ ਪੱਖੋਂ ਜਮਾਤ ਅਹਮਦੀਆ ਹੀ ਹੈ ਜਿਸ'ਤੇ ਕਦੇ ਵੀ ਸੂਰਜ ਨਹੀਂ ਡੁਬੱਦਾ । ਕਿੱਥੇ ਤਾਂ ਅਹਰਾਰੀ ਕਾਦੀਆਂ ਵਿੱਚੋਂ ਅਹਮਦੀਅਤ ਦੀ ਆਵਾਜ਼ ਖ਼ਤਮ ਕਰਨ ਦੀਆਂ ਗਲੱਾਂ ਕਰਦੇ ਸਨ ਅਤੇ ਕਿੱਥੇ ਅੱਜ ਦੁਨੀਆ ਦੇ ਪੱਛਮੀ ਨੁਕੱਰ ਵਿੱਚੋਂ ਸਾਰੀ ਦੁਨੀਆ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪੈਗ਼ਾਮ ਨੂੰ ਆਪ ਦਾ ਇਕ ਗ਼ੁਲਾਮ ਤੇ ਤੁੱਛ ਜਿਹਾ ਸੇਵਕ ਪਹੁੰਚਾ ਰਿਹਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਜੋ ਰੱਬ ਨੇ ਵਾਦਾ ਕੀਤਾ ਸੀ ਉਹ ਵੱਡੀ ਸ਼ਾਨ ਨਾਲ ਪੂਰਾ ਹੋ ਰਿਹਾ ਹੈ । ਸੋ, ਇਸ ਗੱਲ'ਤੇ ਵੀ ਹਰ ਅਹਮਦੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਹ ਗਲੱਾਂ ਉਹਨਾਂ'ਤੇ ਜ਼ਿੰਮੇਦਾਰੀਆਂ ਪਾਉਂਦੀਆਂ ਹਨ ਅਤੇ ਇਸ ਜ਼ਿੰਮੇਦਾਰੀ ਨੂੰ ਪੂਰਾ ਕਰਨਾ ਆਪ ਸਭ ਦਾ ਕਰਤਵ ਹੈ । ਅਲੱਾਹ ਤਆਲਾ ਇਸ ਦੀ ਤੌਫ਼ੀਕ ਵੀ ਪ੍ਰਦਾਨ ਕਰੇ ।

ਫ਼ਰਮਾਇਆ : ਹੁਣ ਮੈਂ ਤਹਿਰੀਕੇ ਜਦੀਦ ਦੇ ਨਵੇਂ ਸਾਲ ਦਾ ਵੀ ਐਲਾਨ ਕਰਦਾ ਹਾਂ ਅਤੇ ਸਾਬਕਾ ਰਿਵਾਇਤਾਂ ਅਨੁਸਾਰ ਕੁਝ ਬਿਬਰਣ ਵੀ ਪੇਸ਼ ਕਰਦਾ ਹਾਂ । ਰੱਬ ਦੀ ਮਿਹਰ ਨਾਲ ਇਹ ਤਹਿਰੀਕ ਜਦੀਦ ਦਾ ਜੋ ਸਾਲ ਬੀਤਿਆ ਹੈ

31 ਅਕਤੂਬਰ ਨੂੰ ਖ਼ਤਮ ਹੋਇਆ । ਇਹ 82ਵਾਂ ਸਾਲ ਸੀ ਅਤੇ ਪਹਿਲੀ ਨਵੰਬਰ ਤੋਂ 83ਵਾਂ ਸਾਲ ਸ਼ੁਰੂ ਹੋ ਚੁਕੱਾ ਹੈ । ਰੱਬ ਦੀ ਮਿਹਰ ਨਾਲ ਜੋ ਰਿਪੋਰਟਾਂ ਆਈਆਂ ਹਨ ਉਹਨਾਂ ਅਨੁਸਾਰ ਤਹਿਰੀਕੇ ਜਦੀਦ ਦੇ ਮਾਲੀ ਨਿਜ਼ਾਮ ਵਿੱਚ ਵਿਸ਼ਵ ਵਿਆਪੀ ਜਮਾਤ ਅਹਮਦੀਆ ਨੂੰ ਇਕ ਕਰੋੜ ਨੌ ਲੱਖ ਤੇਤੀ ਹਜ਼ਾਰ ਸਟਰਲਿੰਗ ਪਾਊਂਡ ਦੀ ਕੁਰਬਾਨੀ ਦੀ ਤੌਫ਼ੀਕ ਮਿਲੀ ਹੈ । ਅਲਹਮਦੁਲਿੱਲਾਹ । ਇਹ ਵਸੂਲੀ ਬੀਤੇ ਸਾਲ ਤੋ ਸਤਾਰ੍ਹਾਂ ਹਜ਼ਾਰ ਪਾਊਡ ਅਧਿਕ ਹੈ । ਜਮਾਤ ਦੀ ਪੁਜ਼ੀਸ਼ਨ ਦੇ ਪੱਖੋਂ ਪਾਕਿਸਤਾਨ ਹਮੇਸ਼ਾ ਵਾਂਗ ਪਹਿਲੇ ਨੰਬਰ'ਤੇ ਹੰਦਾ ਹੈ । ਇਸ ਨੂੰ ਛੱਡਕੇ ਨੰਬਰ ਇਕ ਜਰਮਨੀ ਹੈ, ਨੰਬਰ ਦੋ ਬਰਤਾਨੀਆ ਹੈ, ਨੰਬਰ ਤਿੰਨ ਅਮਰੀਕਾ ਹੈ, ਨੰਬਰ ਚਾਰ ਕੈਨੇਡਾ ਹੈ, ਨੰਬਰ ਪੰਜ ਭਾਰਤ ਹੈ, ਨੰਬਰ ਛੇ ਆਸਟ੍ਰੇਲੀਆ ਹੈ, ਸੱਤ ਮਿਡਲ ਈਸਟ ਦੀ ਇਕ ਛੋਟੀ ਜਿਹੀ ਜਮਾਤ ਹੈ, ਅਠੱਵਾਂ ਨੰਬਰ ਇੰਡੋਨੇਸ਼ੀਆ ਦਾ ਹੈ, ਨੌਵੇਂ ਫਿਰ ਮਿਡਲ ਈਸਟ ਦੀ ਇਕ ਛੋਟੀ ਜਿਹੀ ਜਮਾਤ ਦਾ ਹੈ, ਦਸਵਾਂ ਘਾਨਾ ਹੈ ਅਤੇ ਗਿਆਰ੍ਹਵਾਂ ਸਵਿਟਜ਼ਰਲੈਂਡ, ਸਵਿਟਜ਼ਰਲੈਂਡ ਵਿੱਚ ਕਿਉਂਕਿ ਪ੍ਰਤੀਵਿਅਕਤੀ ਚੰਦਾ ਅਧਿਕ ਹੁੰਦਾ ਹੈ ਇਸ ਨਾਂ ਲਿੱਖ ਲਿਆ ਨਹੀਂ ਤਾਂ ਦਸ ਤੱਕ ਹੀ ਅਸਲ ਲਿਸਟ ਹੈ ।

ਅਫਰੀਕਨ ਦੇਸ਼ਾਂ ਵਿੱਚ ਸਾਮੂਹਿਕ ਵਸੂਲੀ ਦੇ ਪੱਖੋਂ ਮਾਰਿਸ਼ਸ ਨੰਬਰ ਇਕ ਫਿਰ ਘਾਨਾ ਹੈ, ਫਿਰ ਨਾਈਜੀਰੀਆ, ਫਿਰ ਗ਼ੈਮਬੀਯਾ, ਫ਼ਿਰ ਸਾਊਥ ਅਫ਼ਰੀਕਾ, ਫਿਰ ਬੁਰਕੀਨਾ ਫ਼ਾਸੋ, ਫਿਰ ਕੈਮਰੂਨ, ਸੀਰਾਲੀਯੂਨ, ਲਾਈਬੇਰੀਯਾ, ਤੰਜ਼ਾਨੀਆ ਤੇ ਮਾਲੀ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਿੱਚ ਵੀ ਰੱਬ ਦੀ ਮਿਹਰ ਨਾਲ ਇਸ ਸਾਲ ਨੱਬੇ ਹਜ਼ਾਰ ਦਾ ਵਾਧਾ ਹੋਇਆ ਹੈ ਅਤੇ ਚੋਦਾਂ ਲੱਖ ਚਾਰ ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋਏ ਹਨ ।

ਇੰਡੀਆ ਦੀਆਂ ਪਹਿਲੀਆਂ ਦਸ ਜਮਾਤਾਂ, ਕਰੁਲਾਈ (ਕੈਰਾਲਾ), ਕਾਲੀਕਟ (ਕੈਰਾਲਾ), ਫਿਰ ਹੈਦਰਾਬਾਦ (ਤਿਲੰਗਾਨਾ), ਫਿਰ ਪਿਥੱਾਪਿਰਮ (ਕੈਰਾਲਾ), ਫਿਰ ਕਾਦੀਆਂ, ਫ਼ਿਰ ਕੇਨਾਨੂਰ ਟਾਊਨ (ਕੈਰਾਲਾ), ਫਿਰ ਪੈਂਗਾਡੀ (ਕੈਰਾਲਾ), ਫਿਰ ਦਿੱਲੀ, ਫਿਰ ਕਲਕਤੱਾ (ਬੰਗਾਲ), ਫਿਰ ਸਲੂਰ (ਤਾਮਿਲਨਾਡੂ)

ਇੰਡੀਆ ਦੇ ਪਹਿਲੇ ਦੱਸ ਸੂਬੇ ਜੋ ਹਨ ਪਹਿਲੇ ਨੰਬਰ'ਤੇ ਕੈਰਾਲਾ ਫਿਰ, ਕਰਨਾਟਕ, ਫਿਰ ਆਂਧਰਾ ਪ੍ਰਦੇਸ਼, ਫਿਰ ਤਾਮਿਲਨਾਡੂ, ਫਿਰ ਜੰਮੂ ਕਸ਼ਮੀਰ, ਫਿਰ ਉਡੀਸਾ, ਫਿਰ ਪੰਜਾਬ, ਬੰਗਾਲ, ਦਿੱਲੀ ਅਤੇ ਮਹਾਰਾਸ਼ਟਰ । ਫ਼ਰਮਾਇਆ : ਇੰਡੀਆ ਵਿੱਚ ਬੀਤੇ ਕੁਝ ਵਰ੍ਹਿਆਂ ਤੋਂ ਬਹੁਤ ਤਰੱਕੀ ਹੈ ਪਹਿਲਾਂ ਏਥੇ ਬਹੁਤ ਪਿੱਛੇ ਸਨ ।

ਅਲੱਾਹ ਤਆਲਾ ਇਹਨਾਂ ਸਾਰਿਆਂ ਸ਼ਾਮਲ ਹੋਣ ਵਾਲਿਆਂ ਦੇ ਜਾਨ ਮਾਲ ਵਿੱਚ ਅਥਾਹ ਬਰਕਤ ਪ੍ਰਦਾਨ ਕਰੇ ਅਤੇ ਇਹਨਾ ਦੀਆਂ ਕੁਰਬਾਨੀਆਂ ਨੂੰ ਪਰਵਾਨ ਕਰੇ ਅਤੇ ਭਵਿੱਖ ਵਿੱਚ ਇਸ ਤੋਂ ਵੀ ਵੱਧ ਚੜ੍ਹ ਕੇ ਕੁਰਬਾਨੀਆਂ ਕਰਨ ਦੀ ਤੌਫ਼ੀਕ ਦੇਵੇ ਅਤੇ ਖ਼ਿਲਾਫ਼ਤ ਨਾਲ ਹਮੇਸ਼ਾ ਇਹਨਾਂ ਦਾ ਮਜ਼ਬੂਤ ਸੰਬੰਧ ਬਣਾਈ ਰੱਖੇ ।

**Khulasa Khutba Jumma 11.11.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131